# ਰੁਟੀਨ ਸਕੂਲ ਇਮਿਊਨਾਈਜ਼ੇਸ਼ਨਸ

ਪੀਲ ਪਬਲਿਕ ਹੈਲਥ (Peel Public Health) ਗ੍ਰੇਡ 7 ਅਤੇ ਪੁਰਾਣੇ ਯੋਗ ਵਿਦਿਆਰਥੀਆਂ ਨੂੰ ਸਕੂਲ ਅਤੇ ਕਮਿਊਨਿਟੀ ਕਲੀਨਿਕਾਂ ਵਿੱਚ ਰੁਟੀਨ ਸਕੂਲ ਇਮਿਊਨਾਈਜ਼ੇਸ਼ਨ ਲਗਾ ਰਹੀ ਹੈ। ਪੇਸ਼ ਕੀਤੀਆਂ ਜਾ ਰਹੀਆਂ ਵੈਕਸੀਨਾਂ **ਮੇਨਿੰਗੋਕੋਕਲ-C-ACYW (Meningococcal-C-ACYW), ਹੈਪੇਟਾਈਟਿਸ B (Hepatitis B) (Hep B)** ਅਤੇ **ਹਿਊਮਨ ਪੈਪੀਲੋਮਾਵਾਇਰਸ (Human Papillomavirus) (HPV)** ਹਨ।

ਇਹ ਵੈਕਸੀਨਾਂ, ਵਿਦਿਆਰਥੀਆਂ ਲਈ ਬਿਲਕੁੱਲ ਮੁਫਤ ਹਨ। ਕੁਝ ਵੈਕਸੀਨਾਂ ਲਈ ਪਬਲਿਕ ਤੌਰ ਤੇ ਸੀਮਿਤ ਸਮੇਂ ਲਈ ਫੰਡ ਦਿੱਤਾ ਗਿਆ ਹੈ ਅਤੇ ਵਿਦਿਆਰਥੀ ਸਿਰਫ ਨਿਸ਼ਚਿਤ ਉਮਰ ਤੱਕ ਹੀ ਯੋਗ ਹੋ ਸਕਦੇ ਹਨ। ਵਿਦਿਆਰਥੀਆਂ ਨੂੰ ਤਦ ਵੀ ਇਮਿਊਨਾਈਜ਼ੇਸ਼ਨ ਦਿੱਤਾ ਜਾ ਸਕਦਾ ਹੈ, ਜੇਕਰ ਉਹਨਾਂ ਕੋਲ ਓਨਟੈਰੀਓ ਹੈਲਥ ਕਾਰਡ (Ontario Health Card) ਨਹੀਂ ਹੈ।



**ਮੇਨਿੰਗੋਕੋਕਲ ਬੀਮਾਰੀ** ਇੱਕ ਸੰਕ੍ਰਮਣ ਹੈ, ਜੋ ਆਮ ਤੌਰ ਤੇ ਬੈਕਟੀਰੀਆ ਦੇ ਪੰਜ ਵੱਖਰੇ ਸਮੂਹਾਂ ਦੇ ਕਾਰਨ ਹੁੰਦਾ ਹੈ, ਜੋ ਦਿਮਾਗ ਅਤੇ ਰੀੜ੍ਹ ਦੀ ਹੱਡੀ ਦੇ ਆਲੇ-ਦੁਆਲੇ ਦੇ ਖੂਨ ਜਾਂ ਦ੍ਰਵ ਨੂੰ ਸੰਕ੍ਰਮਿਤ ਕਰ ਦਿੰਦੇ ਹਨ। ਇਹ ਵਿਰਲੇ ਹੀ ਹੋਣ ਵਾਲੀ ਬੀਮਾਰੀ ਹੈ, ਪਰੰਤੂ ਇਸਦੇ ਲੱਛਣ ਬਹੁਤ ਜਲਦੀ ਜੀਵਨ ਲਈ ਖਤਰਾ ਬਣ ਸਕਦੇ ਹਨ। ਬੀਮਾਰੀ ਤੋਂ ਪੈਦਾ ਹੋਣ ਵਾਲੀਆਂ ਗੁੰਝਲਾਂ ਦਿਮਾਗ ਦੇ ਵਿਗਾੜ, ਹਮੇਸ਼ਾ ਲਈ ਸੁਣਨਾ ਬੰਦ ਹੋਣਾ, ਦੌਰੇ, ਅੰਗ ਕਟ ਜਾਣਾ ਜਾਂ ਮੌਤ ਦਾ ਕਾਰਨ ਬਣ ਸਕਦੀਆਂ ਹਨ।

**ਇਹ ਫੈਲਦਾ ਹੈ,** ਕਿਸੇ ਸੰਕ੍ਰਮਿਤ ਵਿਅਕਤੀ ਦੇ ਥੁੱਕ ਜਾਂ ਬਲਗਮ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ, ਜੋ ਚੁੰਬਣ ਲੈਣ, ਪੀਣ ਵਾਲੀਆਂ ਚੀਜ਼ਾਂ, ਭਾਂਡੇ ਜਾਂ ਟੁੱਥਬੁਰਸ਼ ਸਾਂਝੇ ਕਰਨ ਨਾਲ ਹੋ ਸਕਦਾ ਹੈ।

**ਮੈਨ-C-ACYW (Men-C-ACYW) ਵੈਕਸੀਨ** (Nimenrix®, Menactra®, Menveo™) ਬੈਕਟੀਰੀਆ ਦੇ ਉਹਨਾਂ ਚਾਰ ਸਮੂਹਾਂ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ, ਜੋ ਸੰਕ੍ਰਮਣ ਪੈਦਾ ਕਰਦੇ ਹਨ। ਵੈਕਸੀਨ ਸੁਰੱਖਿਅਤ ਹੈ ਅਤੇ 80-85% ਪ੍ਰਭਾਵੀ ਹੈ।

ਵੈਕਸੀਨ ਦੀ ਸਿੰਗਲ ਡੋਜ਼, ਓਨਟੈਰੀਓ ਵਿੱਚ ਸਕੂਲ ਹਾਜ਼ਰੀ ਲਈ ਜ਼ਰੂਰੀ ਹੈ, ਜਦੋਂ ਤੱਕ ਕਿ ਵਿਦਿਆਰਥੀ ਨੂੰ ਕੋਈ ਵੈਧ ਛੋਟ ਨਾ ਮਿਲੀ ਹੋਵੇ। ਮੈਨ-C-ACYW ਵੈਕਸੀਨ ਦੀ ਸਲਾਹ ਸਾਰੇ ਕਿਸ਼ੋਰਾਂ ਲਈ ਦਿੱਤੀ ਜਾਂਦੀ ਹੈ, ਭਾਵੇਂ ਉਹਨਾਂ ਨੇ ਪਹਿਲਾਂ ਬਚਪਨ ਵਿੱਚ ਵੈਕਸੀਨ ਲਗਵਾਈ ਹੋਵੇ।



**ਹੈਪੇਟਾਈਟਿਸ B** ਇੱਕ ਬਹੁਤ ਹੀ ਛੂਤਕਾਰੀ ਵਾਇਰਸ ਹੈ, ਜੋ ਲਿਵਰ ਤੇ ਹਮਲਾ ਕਰਦਾ ਹੈ ਅਤੇ ਲਿਵਰ ਦੀ ਬੀਮਾਰੀ ਅਤੇ ਲਿਵਰ ਕੈਂਸਰ ਪੈਦਾ ਕਰਦਾ ਹੈ। ਇਸਦਾ ਕੋਈ ਇਲਾਜ ਨਹੀਂ ਹੈ। ਜ਼ਿਆਦਾਤਰ ਲੋਕ ਬਿਹਤਰ ਹੋ ਜਾਂਦੇ ਹਨ, ਪਰੰਤੂ ਕਈ ਸੰਕ੍ਰਮਿਤ ਹੀ ਰਹਿੰਦੇ ਹਨ ਅਤੇ ਪੂਰੀ ਜ਼ਿੰਦਗੀ ਉਹਨਾਂ ਦੇ ਸਰੀਰ ਵਿੱਚ ਵਾਇਰਸ ਬਣਿਆ ਰਹਿੰਦਾ ਹੈ।

**ਇਹ ਫੈਲਦਾ ਹੈ,** ਕਿਸੇ ਸੰਕ੍ਰਮਿਤ ਵਿਅਕਤੀ ਦੇ ਖੂਨ ਜਾਂ ਸਰੀਰ ਦੇ ਦ੍ਰਵਾਂ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ, ਭਾਵੇਂ ਉਹ ਬੀਮਾਰ ਦਿਖਾਈ ਨਾ ਦਿੰਦੇ ਜਾਂ ਮਹਿਸੂਸ ਨਾ ਕਰਦੇ ਹੋਣ। ਇਹ ਉਸਤਰੇ (ਰੇਜ਼ਰ), ਸੂਈਆਂ ਜਾਂ ਟੁੱਥਬੁਰਸ਼ਾਂ; ਅਸੁਰੱਖਿਅਤ ਸੈਕਸ; ਅਤੇ ਗਲਤ ਢੰਗ ਨਾਲ ਸਾਫ ਕੀਤੇ ਟੈਟੂ ਜਾਂ ਸਪਾ ਉਪਕਰਨ ਸਾਂਝੇ ਕਰਨ ਨਾਲ ਫੈਲ ਸਕਦਾ ਹੈ।

**ਹੈਪੇਟਾਈਟਿਸ B ਵੈਕਸੀਨ** (Recombivax HB® or Engerix®-B) ਸੁਰੱਖਿਅਤ ਹੈ ਅਤੇ 95% ਤੋਂ ਵੱਧ ਪ੍ਰਭਾਵੀ ਹੈ, ਜਦੋਂ ਸਾਰੀਆਂ ਡੋਜ਼ ਦਿੱਤੀਆਂ ਜਾਂਦੀਆਂ ਹਨ।

11 – 15 ਸਾਲ ਦੀ ਉਮਰ ਵਾਲੇ ਵਿਦਿਆਰਥੀਆਂ ਨੂੰ 2 ਡੋਜ਼ ਦੀ ਲੋੜ ਹੁੰਦੀ ਹੈ, ਜੋ 6 ਮਹੀਨਿਆਂ ਦੇ ਅੰਤਰ ਵਿੱਚ ਦਿੱਤੀਆਂ ਜਾਂਦੀਆਂ ਹਨ। ਕਮਜ਼ੋਰ ਇਮਿਊਨ ਸਿਸਟਮ ਵਾਲੇ ਜਾਂ 16 ਸਾਲ ਅਤੇ ਇਸਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਤੀਜੀ ਡੋਜ਼ ਦੀ ਲੋੜ ਹੋਵੇਗੀ।

**ਹਿਊਮਨ ਪੈਪੀਲੋਮਾਵਾਇਰਸ** ਬਹੁਤ ਹੀ ਆਮ ਵਾਇਰਸ ਹੈ, ਜੋ ਮੂੰਹ, ਸਿਰ ਅਤੇ ਗਰਦਨ, ਸਰਵਿਕਸ ਅਤੇ ਜਣਨ ਅੰਗਾਂ ਦਾ ਕੈਂਸਰ ਪੈਦਾ ਕਰ ਸਕਦਾ ਹੈ। ਕਈ ਲੋਕਾਂ ਨੂੰ ਪਤਾ ਹੀ ਨਹੀਂ ਹੁੰਦਾ ਕਿ ਉਹ ਸੰਕ੍ਰਮਿਤ ਹਨ ਅਤੇ ਕਦੇ ਵੀ ਲੱਛਣ ਵਿਕਸਿਤ ਨਹੀਂ ਹੁੰਦੇ, ਇਸਲਈ ਉਹ ਬਿਨਾਂ ਜਾਣੇ ਹੀ ਇਹ ਦੂਜਿਆਂ ਨੂੰ ਪਾਸ ਕਰ ਸਕਦੇ ਹਨ। ਇਸਦਾ ਕੋਈ ਇਲਾਜ ਨਹੀਂ ਹੈ ਅਤੇ ਬਿਨਾਂ ਇਮਿਊਨਾਈਜ਼ੇਸ਼ਨ ਦੇ, ਇਹ ਅੰਦਾਜ਼ਾ ਲਗਾਇਆ ਜਾਂਦਾ ਹੈ ਕਿ ਸਰਗਰਮ ਤੌਰ ਤੇ ਸੈਕਸ ਕਰਨ ਵਾਲੇ 4 ਵਿੱਚ 3 ਕੈਨੇਡਾਵਾਸੀਆਂ ਨੂੰ ਉਹਨਾਂ ਦੀ ਜ਼ਿੰਦਗੀ ਵਿੱਚ HPV ਹੋਵੇਗਾ।

**ਇਹ ਫੈਲਦਾ ਹੈ,** ਕਿਸੇ ਸੰਕ੍ਰਮਿਤ ਵਿਅਕਤੀ ਦੇ ਜਣਨ ਅੰਗ ਵਾਲੇ ਹਿੱਸੇ ਵਿੱਚ ਤਵੱਚਾ-ਤੋਂ-ਤਵੱਚਾ ਦੇ ਸੰਪਰਕ ਨਾਲ ਜਾਂ ਸੈਕਸ ਦੇ ਦੌਰਾਨ। HPV ਸੰਕ੍ਰਮਣ ਨੂੰ ਰੋਕਣ ਦਾ ਵਧੀਆ ਤਰੀਕਾ, ਪਹਿਲੀ ਵਾਰ ਸੈਕਸ ਕਰਨ ਤੋਂ ਪਹਿਲਾਂ ਵੈਕਸੀਨ ਲਗਵਾਉਣਾ ਹੈ।

**HPV-9 ਵੈਕਸੀਨ** (Gardasil®-9) ਸੁਰੱਖਿਅਤ ਹੈ ਅਤੇ 95% ਤੋਂ ਵੱਧ ਪ੍ਰਭਾਵੀ ਹੈ, ਜਦੋਂ ਸਾਰੀਆਂ ਡੋਜ ਦਿੱਤੀਆਂ ਜਾਂਦੀਆਂ ਹਨ। ਇਹ ਵਾਇਰਸ ਦੇ ਉਹਨਾਂ ਸੱਤ ਪ੍ਰਕਾਰਾਂ, ਜੋ ਕੈਂਸਰ ਪੈਦਾ ਕਰ ਸਕਦੇ ਹਨ ਅਤੇ ਦੋ ਪ੍ਰਕਾਰਾਂ, ਜੋ ਜਣਨ ਅੰਗਾਂ ਤੇ ਮੱਸੇ ਪੈਦਾ ਕਰਦੇ ਹਨ, ਦੇ ਵਿਰੁੱਧ ਸੰਕ੍ਰਮਣ ਨੂੰ ਰੋਕਦੀ ਹੈ

15 ਸਾਲ ਤੋਂ ਘੱਟ ਉਮਰ ਵਾਲੇ ਵਿਦਿਆਰਥੀਆਂ ਨੂੰ 2 ਡੋਜ ਦੀ ਲੋੜ ਹੁੰਦੀ ਹੈ, ਜੋ 6 ਮਹੀਨਿਆਂ ਦੇ ਅੰਤਰ ਵਿੱਚ ਦਿੱਤੀਆਂ ਜਾਂਦੀਆਂ ਹਨ। ਕਮਜ਼ੋਰ ਇਮਿਊਨ ਸਿਸਟਮ ਵਾਲੇ ਜਾਂ 15 ਸਾਲ ਅਤੇ ਇਸਤੋਂ ਵੱਧ ਉਮਰ ਦੇ ਵਿਦਿਆਰਥੀਆਂ ਨੂੰ ਤੀਜੀ ਡੋਜ ਦੀ ਲੋੜ ਹੋਵੇਗੀ।



## ਮੈਂ ਵੈਕਸੀਨ(ਨਾਂ) ਲਗਵਾਉਣ ਤੋਂ ਬਾਅਦ ਕੀ ਆਸ ਕਰ ਸਕਦਾ/ਸਕਦੀ ਹਾਂ?

- ਜ਼ਿਆਦਾਤਰ ਲੋਕਾਂ ਨੂੰ ਇਮਿਊਨਾਈਜ਼ੇਸ਼ਨ ਵੈਕਸੀਨ ਲਗਵਾਉਣ ਤੋਂ ਬਾਅਦ ਕੋਈ ਸਮੱਸਿਆਵਾਂ ਨਹੀਂ ਹੁੰਦੀਆਂ। ਕੁਝ ਕੁ ਨੂੰ ਸੂਈ ਚੁਭੋਣ ਵਾਲੀ ਥਾਂ ਤੇ ਬਾਂਹ ਦੁਖਣਾ ਜਾਂ ਲਾਲੀ, ਸੋਜਸ਼ ਜਾਂ ਖੁਜਲੀ ਹੋ ਸਕਦੀ ਹੈ।
- ਕਦੇ-ਕਦਾਈਂ, ਥਕਾਵਟ, ਸਿਰ ਦਰਦ, ਚੱਕਰ ਆਉਣਾ, ਬੇਹੋਸ਼ੀ, ਜੀ ਕੱਚਾ ਹੋਣਾ ਅਤੇ ਹਲਕਾ ਬੁਖਾਰ ਵੀ ਹੋ ਸਕਦਾ ਹੈ।



## ਆਪਣੇ ਡਾਕਟਰ ਨੂੰ ਕਦੋਂ ਫੋਨ ਕਰੋ:

- ਵੈਕਸੀਨੇਸ਼ਨ ਤੋਂ ਬਾਅਦ ਐਲਰਜੀ ਸਬੰਧੀ ਅਤੇ ਤੀਬਰ ਰਿਐਕਸ਼ਨ ਬਹੁਤ ਵਿਰਲੇ ਹੀ ਹੁੰਦੇ ਹਨ। ਮਾੜੇ ਅਸਰ ਇਮਿਊਨਾਈਜ਼ੇਸ਼ਨ ਤੋਂ ਬਾਅਦ ਲਗਭਗ ਇੱਕ ਹਫਤੇ ਦੇ ਅੰਦਰ ਵਾਪਰ ਸਕਦੇ ਹਨ।
- ਜੇਕਰ ਤੁਸੀਂ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਲੱਛਣ ਮਹਿਸੂਸ ਕਰੋ ਤਾਂ ਆਪਣੇ ਡਾਕਟਰ ਅਤੇ ਪੀਲ ਪਬਲਿਕ ਹੈਲਥ ਨੂੰ 905-799-7700 ਤੇ ਫੋਨ ਕਰੋ। ਜੇਕਰ ਤੁਹਾਡੇ ਲੱਛਣ ਤੀਬਰ ਹਨ, ਤਾਂ 911 ਨੂੰ ਫੋਨ ਕਰੋ।
  - ਸਾਹ ਲੈਣ ਵਿੱਚ ਮੁਸ਼ਕਲ
  - ਚਿਹਰੇ ਜਾਂ ਮੂੰਹ ਦੀ ਸੋਜਸ਼
  - ਛਪਾਕੀ
  - ਬਹੁਤ ਪੀਲਾ ਰੰਗ ਜਾਂ ਊਂਘ
  - ਦੌਰੇ
  - 40°C ਤੋਂ ਵੱਧ ਬੁਖਾਰ

ਹੋਰ ਜਾਣਕਾਰੀ ਲਈ **peelregion.ca/immunize** ਤੇ ਜਾਓ
ਜਾਂ ਪੀਲ ਪਬਲਿਕ ਹੈਲਥ ਨੂੰ **905-799-7700** ਤੇ ਫੋਨ ਕਰੋ।